# ਇੰਟਰਨੈੱਟ ਸਰਚਿੰਗ ਲਈ ਹੈਂਡਆਉਟ

**Handout for Internet Searching**

## ਇੰਟਰਨੈਟ ਤੇ ਤੁਸੀਂ ਕੀ-ਕਰ ਸਕਦੇ ਹੋ?

- ਜਾਣਕਾਰੀ ਲੈਣਾ – ਤੁਸੀਂ ਖ਼ਬਰਾਂ ਪੜ੍ਹ ਸਕਦੇ ਹੋ, ਮੌਸਮ ਬਾਰੇ ਦੇਖ ਸਕਦੇ ਹੋ, ਨਕਸ਼ੇ ਦੇਖ ਸਕਦੇ ਹੋ ਅਤੇ ਕਿਸੇ ਵੀ ਵਿਸ਼ੇ ਤੇ ਜਾਣਕਾਰੀ ਲੈ ਸਕਦੇ ਹੋ।
- ਸੰਚਾਰ – ਈ-ਮੇਲ, ਸਕਾਇਪ (skype) ਰਾਂਹੀ ਇੱਕ ਦੂਜੇ ਨਾਲ ਗੱਲਬਾਤ ਕਰ ਸਕਦੇ ਹੋ।
- ਸਾਂਝ – ਤੁਸੀਂ ਆਪਣੀਆਂ ਤਸਵੀਰਾਂ ਤੇ ਵਿਡੀਓ ਆਪਣੇ ਮਿਤੱਰ ਪਿਆਰਿਆਂ ਨਾਲ ਸਾਂਝਿਆਂ ਕਰ ਸਕਦੇ ਹੋ।
- ਖਰੀਦੋ ਫਰੋਖਤ – ਤੁਸੀਂ ਲਗਭਗ ਕੁਝ ਵੀ ਖਰੀਦ ਸਕਦੇ ਹੋ, ਉਦਾਹਰਣ ਦੇ ਤੋਰ ਤੇ eBay, Amazon ਕੁਝ ਪ੍ਰਮੁੱਖ ਵੈੱਬਸਾਇਟਸ ਹਨ।
- ਖੇਡਣਾ – ਤੁਸੀਂ ਗੇਮਾਂ ਖੇਡ ਸਕਦੇ ਹੋ, ਰੇਡਿਉ ਸੁਣ ਸਕਦੇ ਹੋ, ਫ਼ਿਲਮਾਂ ਦੇਖ ਸਕਦੇ ਹੋ।

## ਇੰਟਰਨੈੱਟ ਇਕਸਪਲੋਰ੍ਰ ਟੂੱਲਬਾਰ




 ਅੱਗੇ ਜਾਂ ਪਿਛੇ ਜਾਣ ਵਾਲੇ ਬਟਨ। ਪਿਛਲੇ ਵੈੱਬ ਪੇਜ ਤੇ ਜਾਣ ਲਈ ਵੱਡੇ ਬਟਨ ਤੇ ਕਲਿੱਕ ਕਰੋ।

 ਰੀਲੋਡ/ਰੀਫ੍ਰੈਸ਼ ਅਤੇ ਰੋਕਣਾ। ਜੇ ਕੋਈ ਵੇਬ ਪੇਜ ਠੀਕ ਢੰਗ ਨਾਲ ਨਹੀਂ ਚੱਲ ਰਿਹਾ ਤਾਂ ਗੋਲ ਜਿਹੇ ਤੀਰ ਤੇ ਕਲਿੱਕ ਕਰੋ। 'X' ਦੇ ਨਿਸ਼ਾਨ ਤੇ ਕਲਿੱਕ ਕਰਕੇ ਤੁਸੀਂ ਕਿਸੇ ਵੀ ਪੇਜ ਨੂੰ ਲੋਡ ਹੋਣ ਤੋਂ ਰੋਕ ਸਕਦੇ ਹੋ।

 ਕਿਸੇ ਵੈੱਬ ਪੇਜ ਨੂੰ ਆਪਣੇ ਮਨ ਪਸੰਦ ਵੈਬ ਪੇਜਾਂ ਵਿੱਚ ਸ਼ਾਮਿਲ ਕਰਨ ਲਈ ਇਸ ਸਿਤਾਰੇ ਵਰਗੇ ਨਿਸ਼ਾਨ ਤੇ ਕਲਿੱਕ ਕਰੋ। ਇਸ ਨੂੰ 'ਬੁੱਕਮਾਰਕਿੰਗ' ਵੀ ਕਹਿੰਦੇ ਹਨ।

 ਆਪਣੇ ਹੋਮ ਪੇਜ ਤੇ ਜਾਣ ਲਈ ਇਸ ਘਰ ਦੇ ਨਿਸ਼ਾਨ ਤੇ ਕਲਿੱਕ ਕਰੋ।

 ਪ੍ਰਿੰਟ ਜਾਂ ਕਿਸੇ ਵੈੱਬ ਪੇਜ ਨੂੰ ਵੱਡਾ-ਛੋਟਾ ਕਰਨ ਲਈ ਅਤੇ ਕੋਈ ਸੈਟਿੰਗ ਤਬਦੀਲ ਕਰਨ ਲਈ ਇਸ ਗਰਾਰੀ ਵਰਗੇ ਨਿਸ਼ਾਨ ਤੇ ਕਲਿੱਕ ਕਰੋ।

## ਵੈੱਬਸਾਇਟਸ ਵਰਤਣ ਦੇ ਤਰੀਕੇ

- ਜੇ ਤੁਹਾਨੂੰ ਕਿਸੇ ਵੈੱਬਸਾਇਟ ਦਾ ਐਡਰੈੱਸ ਪਤਾ ਹੈ ਤਾਂ ਤਸੀਂ ਉਸ ਨੂੰ ਐਡਰੈੱਸ ਬਾਰ ਵਿੱਚ ਭਰ ਸਕਦੇ ਹੋ।
- ਤਸੀਂ ਇੱਕ ਵੈੱਬਸਾਇਟ ਤੋਂ ਵੀ ਕਿਸੇ ਹੋਰ ਵੈੱਬਸਾਇਟ ਤੇ ਜਾ ਸਕਦੇ ਹੋ। ਜਿਵੇਂ ਕਿ ਸਰੀ ਲਾਇਬਰੇਰੀਜ਼ ਦਾ 'ਵਿਸ਼ੇ ਨਾਲ ਲਭਣ' (Search by Subject) ਵਾਲਾ ਪੇਜ। www.surreylibraries.ca/reserarch/4728.apx
- ਜੇ ਤੁਹਾਨੂੰ ਕਿਸੇ ਵੈੱਬਸਾਇਟ ਦਾ ਨਹੀਂ ਪਤਾ, ਤਾਂ ਤੁਸੀਂ ਕਿਸੇ ਸਰਚ ਇਂਜੰਨ (search engine) ਦੀ ਵਰਤੋਂ ਕਰ ਸਕਏ ਹੋ। ਜਿਵੇਂ ਕਿ ਗੂਗਲ ਜਾਂ ਬਿੰਗ (Google or Bing) ਆਦਿ। – www.google.ca or www.bing.com

## ਗੁਗਲ (Google) find ਤੇ ਲੱਭਣ ਦੇ ਸੁਝਾਅ

ਗੁਗਲ ਨਾਲ ਲੱਭਣਾ ਆਸਾਨ ਹੈ – ਤੁਸੀਂ ਜੋ ਵੀ ਚਹੁੰਦੇ ਹੋ ਉਸਨੂੰ ਗੁਗਲ ਦੇ ਲੱਭਣ ਵਾਲੇ ਬਾਕਸ ਵਿੱਚ ਟਾਇਪ ਕਰੋ ਅਤੇ ਐਨਟਰ ਬਟਨ ਦਬਾਉ ਜਾਂ ਲੱਭਣ ਵਾਲੇ ਬਟਨ ਨੂੰ ਦਬਾਉ।

- ਸਾਦੇ ਤੋਂ ਸਾਦੇ ਸ਼ਬਦਾਂ ਦੀ ਵਰਤੋਂ ਕਰੋ – ਬੱਟਰ ਚਿਕਨ ਰੇਸਪੀਜ਼ (butter chicken recipes)
- ਵੱਡੇ ਅੱਖਰਾਂ ਦੀ ਵਰਤੋਂ ਕਰਨੀ ਜਰੂਰੀ ਨਹੀਂ ਹੈ। Surrey Libraries ਜਾਂ surrey libraries ਦੇ ਨਤੀਜੇ ਇੱਕੋ ਜਿਹੇ ਹੀ ਹੋਣਗੇ।
- ਥੋੜੇ ਤੋਂ ਥੋੜੇ ਸ਼ਬਦਾਂ ਦੀ ਵਰਤੋਂ ਕਰੋ – ਜਿਵੇਂ ਕਿ weather report for Surrey, Canada ਦੀ ਬਜਾਏ weather, surrey ਵਰਤੋ।
- ਵੱਧ ਤੋਂ ਵੱਧ ਜਾਣਕਾਰੀ ਦੇਣ ਦੀ ਕੋਸ਼ਿਸ਼ ਕਰੋ – ਜਿਵੇਂ ਕਿ ਜੇ ਤੁਸੀਂ ਸਰੀ ਵਿੱਚ ਇੰਡੀਅਨ ਰੈਸਟੋਰੈਂਟ ਲੱਭ ਰਹੇ ਹੋ ਤਾਂ ਆਪਣੀ ਸਰਚ ਵਿੱਚ ਤਿੰਨੇ ਸ਼ਬਦਾਂ ਨੂੰ ਵਰਤੋ – indian restaurant surrey.
- ਦੋ ਸ਼ਬਦਾਂ ਦੇ ਵਿਚਕਾਰ OR ਦੀ ਵਰਤੋਂ ਕਰਨ ਨਾਲ ਤੁਸੀਂ ਉਨਾਂ ਦੋਨਾਂ ਸ਼ਬਦਾਂ ਵਾਲੇ ਵੈੱਬ ਪੇਜ ਦੇਖ ਸਕਦੇ ਹੋ, ਜਿਵੇਂ ਕਿ – india or pakistan.
- ਜੇ ਤੁਸੀਂ ਕੋਟੇਸ਼ਨ ਮਾਰਕਸ (quotation marks) ਦੀ ਵਰਤੋਂ ਕਰਦੇ ਹੋ ਤਾਂ ਤੁਹਾਡੇ ਖੋਜ ਦੇ ਨਤੀਜੇ ਕੋਟੇਸ਼ਨ ਮਾਰਕਸ ਵਿੱਚਲੇ ਸਾਰੇ ਸ਼ਬਦਾਂ ਵਾਲੇ ਹੋਣਗੇ, ਜਿਵੇਂ ਕਿ – "spicy butter chicken recipes" ਦੀ ਖੋਜ ਦੇ ਨਤੀਜਿਆਂ ਵਿੱਚ ਉਹੀ ਵੈੱਬ ਪੇਜ ਹੋਣਗੇ ਜਿਹਣਾ ਵਿੱਚ ਇਹ ਪੂਰੀ ਲਾਇਨ ਹੋਵੇਗੀ।
- ਜੇ ਤੁਸੀਂ ਸਿਰਫ ਤਸਵੀਰਾਂ ਲੱਭਣਾ ਚਹੁੰਦੇ ਹੋ ਤਾਂ www.images.google.com ਤੇ ਜਾ ਕੇ ਲੱਭੋ – ਜਿਵੇਂ ਕਿ sunrise ਜਾਂ sunset ਲੱਭ ਕੇ ਵੇਖੋ।

**ਹੋਰ ਸਹਾਇਤਾ ਲਈ**

ਇਹਨਾਂ ਵੈੱਬਸਾਇਟਸ ਤੇ ਜਾਵੋ:

http://www.gcflearnfree.org/internet101
http://digitallearn.org/learn
http://www.teachparentstech.org/watch